1

# ਪੁੱਤਰ ਪਿਤਾ ਦੀ ਬੁੱਧ ਦੇ ਰੂਪ 'ਚ

ਪੁੱਤਰ ਦੀ ਬੁੱਧ ਨੂੰ ਸਮਝਣ ਲਈ ਪਹਿਲਾਂ ਸਾਨੂੰ ਉਸਨੂੰ ਪਿਤਾ ਦੀ ਬੁੱਧ ਦੇ ਰੂਪ 'ਚ ਵੇਖਣਾ ਜ਼ਰੂਰੀ ਹੈ। ਪਿਤਾ ਦੀ ਬੁੱਧ ਸਭ ਤੋਂ ਪਹਿਲਾਂ ਸੰਸਾਰ ਦੀ ਰਚਨਾ ਵਿਚ ਵਿਖਾਈ ਗਈ। ਪਰਮੇਸ਼ੁਰ ਪੁੱਤਰ ਸਨਾਤਨਕਾਲ ਵਿੱਚੋਂ ਆਇਆ, ਜੋ ਉਸ ਖ਼ੁਦਾ ਦਾ ਪ੍ਰਗਟਾਵਾ ਹੈ ਜਿਸ ਨੇ ਦੁਨੀਆਂ, ਭਾਵ ਸਾਡੇ ਸੰਸਾਰ ਅਤੇ ਸਮੇਂ ਨੂੰ ਵਜੂਦ ਦਿੱਤਾ ਹੈ।

## ਜਿਵੇਂ ਨਵੇਂ ਨੇਮ ਵਿਚ ਸਿਖਾਇਆ ਗਿਆ ਹੈ

ਜੋ ਕੁਝ ਖ਼ੁਦਾ ਨੇ ''ਪਹਿਲਾਂ'' ਜ਼ਾਹਿਰ ਕੀਤਾ ਹੈ ਉਸ ਨੂੰ ਸਮਝਣ ਲਈ ਉਹਦੇ ਵੱਲੋਂ ਪਰਗਟ ਕੀਤੇ ਗਏ ''ਆਖ਼ਰੀ'' ਦੀ ਸਮੀਖਿਆ ਕਰਦਿਆਂ ਆਓ ਵੇਖਦੇ ਹਾਂ ਕਿ ਸ਼ੁਰੂ ਤੋਂ ਪਹਿਲਾਂ ਕੀ ਸੀ। ਅਸੀਂ ਇਸ ਨੂੰ ਸ੍ਰਿਸ਼ਟੀ ਤੋਂ ਪਹਿਲਾਂ ਖ਼ੁਦਾ ਦੀ ਬੁੱਧ ਦੇ ਤੌਰ ਤੇ ਯਿਸੂ ਦੇ ਹੋਣ ਨੂੰ ਨਵੇਂ ਨੇਮ ਦੇ ਪਹਿਲੂ ਦੀ ਜਾਂਚ ਕਰਕੇ ਦੇਖਾਂਗੇ।

ਨਵਾਂ ਨੇਮ ਇਸ ਗੱਲ ਦਾ ਇਸ਼ਾਰਾ ਕਰਦਾ ਹੈ ਕਿ ਖ਼ੁਦਾ ਦੀ ਬੁੱਧ ਸਮੇਂ ਦੇ ਅਰੰਭ ਹੋਣ ਤੋਂ ਪਹਿਲਾਂ ਹੀ ਅਤੇ ''ਵਡਿਆਈ ਦੇ ਪ੍ਰਭੂ'' ਨੂੰ ਸਲੀਬ ਚੜ੍ਹਾ ਦਿੱਤੇ ਜਾਣ ਤੋਂ ਕਿਸੇ ਤਰ੍ਹਾਂ ਵੱਖ ਨਹੀਂ ਸੀ:

> ਤਾਂ ਵੀ ਅਸੀਂ ਸਿਆਣਿਆਂ ਦੇ ਅੱਗੇ ਗਿਆਨ ਸੁਣਾਉਂਦੇ ਹਾਂ ਪਰ ਉਹ ਗਿਆਨ ਨਹੀਂ ਜੋ ਇਸ ਜੁੱਗ ਦਾ ਹੋਵੇ ਅਤੇ ਨਾ ਇਸ ਯੁਗ ਦੇ ਹਾਕਮਾਂ ਦਾ, ਜਿਹੜੇ ਨਾਸ਼ ਹੋ ਰਹੇ ਹਨ। ਸਗੋਂ ਪਰਮੇਸ਼ੁਰ ਦਾ ਗੁਪਤ ਗਿਆਨ ਭੇਤ ਨਾਲ ਸੁਣਾਉਂਦੇ ਹਾਂ ਜਿਹਨੂੰ ਪਰਮੇਸ਼ੁਰ ਨੇ ਜੁੱਗਾਂ ਤੋਂ ਪਹਿਲਾਂ ਸਾਡੇ ਪ੍ਰਤਾਪ ਲਈ ਠਹਿਰਾਇਆ। ਜਿਹ ਨੂੰ ਇਸ ਜੁੱਗ ਦੇ ਹਾਕਮਾਂ ਵਿੱਚੋਂ ਕਿਸੇ ਨਾ ਜਾਣਿਆ ਕਿਉਂਕਿ ਜੇਕਰ ਓਹ ਜਾਣਦੇ ਤਾਂ ਤੇਜਵਾਨ ਪ੍ਰਭੂ ਨੂੰ ਸਲੀਬ ਉੱਤੇ ਨਾ ਚਾੜ੍ਹਦੇ। ਪਰ ਲਿਖਿਆ ਹੋਇਆ ਹੈ, ਜਿਹੜੀਆਂ ਵਸਤਾਂ ਅੱਖੀਂ ਨਾ ਵੇਖੀਆਂ, ਨਾ ਕੰਨੀਂ ਸੁਣੀਆਂ, ਨਾ ਇਨਸਾਨ ਦੇ ਮਨ ਵਿਚ ਆਈਆਂ, ਜਿਹੜੀਆਂ ਵਸਤਾਂ ਪਰਮੇਸ਼ੁਰ ਨੇ ਆਪਣੇ ਪ੍ਰੇਮੀਆਂ ਲਈ ਤਿਆਰ ਕੀਤੀਆਂ। ਉਨ੍ਹਾਂ ਨੂੰ ਪਰਮੇਸ਼ੁਰ ਨੇ ਆਤਮਾ ਦੇ ਦੁਆਰਾ ਸਾਡੇ ਉੱਤੇ ਪਰਗਟ ਕੀਤਾ ਕਿਉਂ ਜੋ ਆਤਮਾ ਸਾਰੀਆਂ ਵਸਤਾਂ ਦੀ ਸਗੋਂ ਪਰਮੇਸ਼ੁਰ ਦੀਆਂ ਡੂੰਘੀਆਂ ਵਸਤਾਂ ਦੀ ਜਾਚ ਕਰ ਲੈਂਦਾ ਹੈ (1 ਕੁਰਿੰਥੀਆਂ 2:6-10)।

ਰਸੂਲਾਂ ਦੇ ਕਾਲ ਤਕ ਇਸ ਅਨੋਖੀ ਹਕੀਕਤ ਨੂੰ ਕੋਈ ਨਹੀਂ ਜਾਣਦਾ ਸੀ ਕਿਉਂਕਿ ਇਹ ਖ਼ੁਦਾ ਦਾ ਜ਼ਾਹਿਰ ਨਾ ਕੀਤਾ ਗਿਆ ਉਹ ''ਭੇਤ'' ਸੀ ਜੋ ਪਿਛਲੇ ਸਮਿਆਂ ਵਿਚ ''ਗੁਪਤ'' ਰਿਹਾ ਸੀ। ਇਹ ਜ਼ਾਹਿਰ ਕੀਤਾ ਗਿਆ ਭੇਤ ਸਾਡੇ ਲਈ ਹੈਰਾਨੀ ਦੀਆਂ ਖਿੜਕੀਆਂ ਖੋਲ੍ਹ ਦਿੰਦਾ ਹੈ। ਉੱਪਰ ਲਿਖੀਆਂ ਆਇਤਾਂ ਸਮੇਂ ਤੋਂ ਪਹਿਲਾਂ ਤੋਂ ਲੈ ਕੇ ਸਲੀਬ ਤਕ ਬਣੇ ਪੁਲ ਵੱਲ ਇਸ਼ਾਰਾ

ਕਰਦੀਆਂ ਹਨ। ਇਸ ਪੁਲ ਦੇ ''ਸ਼ਾਨਦਾਰ ਉਦਘਾਟਨ'' ਵੇਲੇ ਖ਼ੁਦਾ ਦੀ ਬੁੱਧ ਯਿਸੂ ਵਿਚ ਵਿਖਾਈ ਗਈ ਸੀ।

ਖ਼ੁਦਾ ਦੀ ਬੁੱਧ ਦੇ ਤੌਰ ਤੇ ਯਿਸੂ ਦੀ ਪਛਾਣ ਦਾ ਸੰਕੇਤ ਕੁਲੁੱਸੇ ਦੇ ਮਸੀਹੀ ਲੋਕਾਂ ਦੇ ਨਾਂਅ ਪੌਲੁਸ ਦੀ ਪੱਤਰੀ ਵਿਚ ਦਿੱਤਾ ਗਿਆ ਹੈ। ਕਿਸੇ ਅਜਿਹੀ ''ਬੁੱਧ'' ਦੀ ਸਿੱਖਿਆ ਦੇਣ ਵਾਲੇ ਕੁਝ ਗੁਰੂ ਉਨ੍ਹਾਂ ਨੂੰ ਮਸੀਹ ਅਤੇ ਉਹਦੇ ਕੰਮ, ਖ਼ਾਸ ਕਰਕੇ ਸ੍ਰਿਸ਼ਟੀ ਅਤੇ ਛੁਟਕਾਰੇ ਦੇ ਕੰਮ ਬਾਰੇ ਉਲਝਾ ਰਹੇ ਸਨ।[1] ਪੌਲੁਸ ਨੇ ਇਹ ਜ਼ੋਰ ਦਿੰਦਿਆਂ ਕਿ ਖ਼ੁਦਾ ਦਾ ਭੇਤ ਹੁਣ ਜ਼ਾਹਿਰ ਕੀਤਾ ਗਿਆ ਹੈ, ਜਵਾਬ ਦਿੱਤਾ ਕਿ ''[ਮਸੀਹ] ਵਿਚ *ਬੁੱਧ* ਅਤੇ ਗਿਆਨ ਦੇ ਸਾਰੇ ਖ਼ਜਾਨੇ ਗੁਪਤ ਹਨ'' (ਕੁਲੁੱਸੀਆਂ 2:3)।

ਮਸੀਹ ਬਾਰੇ ਇਸ ਤਰ੍ਹਾਂ ਗੱਲ ਕਰਕੇ, ਪੌਲੁਸ ਇਹੀ ਨਹੀਂ ਆਖ ਰਿਹਾ ਸੀ ਕਿ ਮਸੀਹ ਖ਼ੁਦਾ ਦੀ ਬੁੱਧ ਦਾ ਭੰਡਾਰ ਹੈ, ਸਗੋਂ ਉਹ ਇਹ ਵੀ ਐਲਾਨ ਕਰ ਰਿਹਾ ਸੀ ਕਿ ਖ਼ੁਦਾ ਵਾਂਗ ਹੀ ਯਿਸੂ ਖ਼ੁਦਾ ਦੀ ਬੁੱਧ ਹੈ ਜਿਸਨੂੰ ਹੁਣ ਪੂਰੀ ਤਰ੍ਹਾਂ ਨਾਲ ਪਰਗਟ ਕਰ ਦਿੱਤਾ ਗਿਆ ਹੈ। ਪੌਲੁਸ ਨੇ ਪਹਿਲਾਂ ਹੀ ਇਸ਼ਾਰਾ ਦੇ ਦਿੱਤਾ ਸੀ ਕਿ ਮਸੀਹ ਖ਼ੁਦਾ ਦਾ ਸਰੂਪ ਹੈ। ਇਸਦੇ ਇਲਾਵਾ ਉਸਨੇ ਖ਼ੁਦਾ ਦੇ ਪੁੱਤਰ ਦੀ ਪੂਰਵ-ਹੋਂਦ ਤੋਂ ਪਹਿਲਾਂ ਸੰਸਾਰ ਦੇ ਬਣਨ ਤਕ ਜ਼ੋਰ ਦਿੱਤਾ ਸੀ। ਮਸੀਹ ਬਾਰੇ ਪੂਰੀ ਬਾਈਬਲ 'ਚ ਸਭ ਤੋਂ ਵੱਧ ਜ਼ੋਰ ਦੇਣ ਵਾਲੀਆਂ ਆਇਤਾਂ ਵਿੱਚੋਂ ਇਕ ਕੁਲੁੱਸੀਆਂ 1:16, 17ੳ 'ਚ ਉਸਨੇ ਇਸ ਤਰ੍ਹਾਂ ਕਿਹਾ:

> ਕਿਉਂ ਜੋ ਅਕਾਸ਼ ਅਤੇ ਧਰਤੀ ਉਤਲੀਆਂ ਸਾਰੀਆਂ ਵਸਤਾਂ ਓਸੇ ਤੋਂ ਪੈਦਾ ਹੋਈਆਂ, ਜਿਨ੍ਹਾਂ ਵਿਚ ਦਿਸਣ ਵਾਲੀਆਂ, ਨਾ ਦਿਸਣ ਵਾਲੀਆਂ, ਕੀ ਸਿੰਘਾਸਣ, ਰਿਆਸਤਾਂ, ਹਕੂਮਤਾਂ, ਕੀ ਅਖ਼ਤਿਆਰ, ਸਭ ਕੁਝ ਉਸ ਦੇ ਰਾਹੀਂ ਅਤੇ ਓਸੇ ਦੇ ਲਈ ਪੈਦਾ ਹੋਇਆ ਹੈ ਅਤੇ ਉਹ ਸਭ ਤੋਂ ਪਹਿਲਾਂ ਹੈ...

ਕੁਲੁੱਸੀਆਂ ਦੀ ਪੱਤਰੀ ਵਿਚ ਖ਼ੁਦਾ ਦੀ ਸਿਰਜਣਹਾਰ ਬੁੱਧ ਦੇ ਤੌਰ 'ਤੇ ਵਿਖਾਇਆ ਗਿਆ ਪੁੱਤਰ ਖ਼ੁਦਾ ਦਾ ਪੁੱਤਰ ਹੀ ਨਹੀਂ ਹੈ; ਉਹ ਪਰਮੇਸ਼ੁਰ ਪੁੱਤਰ ਹੈ। ਇਸ ਕਰਕੇ, ''ਪਰਮੇਸ਼ੁਰਤਾਈ ਦੀ ਸਾਰੀ ਭਰਪੂਰੀ [ਮਸੀਹ] ਵਿਚ ਦੇਹਧਾਰੀ ਹੋ ਕੇ ਵਾਸ ਕਰਦੀ ਹੈ'' (ਕੁਲੁੱਸੀਆਂ 2:9)। ਯੂਨਾਨੀ ਸ਼ਬਦ *pleroma* (''ਭਰਪੂਰੀ'') ਕੁਲੁੱਸੀਆਂ ਦੀ ਪੱਤਰੀ ਵਿਚ ਪਹਿਲਾਂ ਮਿਲਦਾ ਹੈ: ''ਕਿਉਂ ਜੋ ਪਿਤਾ ਨੂੰ ਇਹ ਭਾਇਆ ਜੋ ਸਾਰੀ ਸੰਪੂਰਨਤਾਈ [ਮਸੀਹ] ਵਿਚ ਵਸੇ'' (ਕੁਲੁੱਸੀਆਂ 1:19)।

ਦੂਜੇ ਸ਼ਬਦਾਂ ਵਿਚ, ਖ਼ੁਦਾ ਦਾ ਸਾਰ ਮਸੀਹ ਵਿਚ ਵਾਸ ਕਰਦਾ ਹੈ। ਖ਼ੁਦਾ ਦਾ ਸਾਰ ਆਤਮਾ ਹੈ (ਯੂਹੰਨਾ 4:24)। ਨਵੇਂ ਨੇਮ ਵਿਚ ਕੁਲੁੱਸੀਆਂ 2:9 ਹੀ ਇੱਕੋ ਥਾਂ ਹੈ ਜਿੱਥੇ ਯੂਨਾਨੀ ਸ਼ਬਦ *theotes* (''ਖ਼ੁਦਾਈ'') ਮਿਲਦਾ ਹੈ। ਖ਼ੁਦਾ ਦੀ ਸੰਪੂਰਨਤਾ ਵਿਚ ਖ਼ੁਦਾਈ ਦਾ ਪੂਰਾ ਸੁਭਾਅ (ਸਾਰ) ਮਸੀਹ ਵਿਚ ਮਿਲਦਾ ਹੈ। ਬੇਸ਼ਕ ਇਹ ਸਬੰਧ ਅਬਦੀ ਹੈ, ਜੋ ਕੁਲੁੱਸੀਆਂ ਦੇ ਸੰਦਰਭ ਵਿਚ ਇਤਿਹਾਸਕ ਯਿਸੂ ਨੂੰ ਵੀ ਮਿਲਾਉਂਦਾ ਹੈ।[2]

## ਜਿਵੇਂ ਛੁਟਕਾਰੇ ਵਿਚ ਵਿਖਾਇਆ ਗਿਆ

ਖ਼ੁਦਾ ਦੀ ਬੁੱਧ ਦੇ ਤੌਰ ਤੇ ਯਿਸੂ 'ਤੇ ਧਿਆਨ ਕਰਨਾ ਸਾਡਾ ਆਮ ਸ਼ੁਰੂਆਤੀ ਨੁਕਤਾ ਨਹੀਂ

ਹੈ। ਸਾਡੇ ਵਿੱਚੋਂ ਬਹੁਤਿਆਂ ਨੂੰ ਯਿਸੂ ਦੀ ਪਛਾਣ ਖ਼ੁਦਾ ਦੇ ਪੁੱਤਰ ਦੇ ਰੂਪ ਵਿਚ ਕਰਵਾਈ ਗਈ ਸੀ, ਜੋ ਨਿੱਜੀ ਤੌਰ 'ਤੇ ਪਰਮੇਸ਼ੁਰ ਪਿਤਾ ਦੇ ਪਿਆਰ, ਫ਼ਜ਼ਲ ਅਤੇ ਕਿਰਪਾ ਦੇ ਰੂਪ ਵਿਚ ਪਰਗਟ ਹੋਇਆ। ਪਿਤਾ ਦਾ ਪਿਆਰ ਸਾਡੇ ਨਾਲ ਇਸ ਹੱਦ ਤਕ ਵਿਖਾਇਆ ਗਿਆ ਕਿ ਛੁਟਕਾਰੇ ਲਈ ਉਹਨੇ ਆਪਣੇ ਪੁੱਤਰ ਨੂੰ ਕੁਰਬਾਨ ਕਰ ਦਿੱਤਾ ਸੀ। ਫਿਰ ਖ਼ੁਦਾ ਦੀ ਸਮਰੱਥਾ ਵਿਚ ਜਿਹਨੇ ਉਹਨੂੰ ਮੁਰਦਿਆਂ 'ਚੋਂ ਜ਼ਿੰਦਾ ਕੀਤਾ ਹੈ, ਵਿਸ਼ਵਾਸ ਦੇ ਰਾਹੀਂ ਯਿਸੂ ਵਾਸਤੇ ਸਾਡੇ ਸਮਰਪਣ ਨਾਲ ਜੀ ਉੱਠਣ 'ਤੇ ਉਹ ਸਾਡਾ ਮੁਕਤੀਦਾਤਾ ਬਣਿਆ। ਇਹ ਖੁਸ਼ੀ ਦੀ ਖ਼ਬਰ ਭਾਵ ਮਸੀਹ ਦੀ ਇੰਜੀਲ ਸੀ। ਮਸੀਹ ਬਾਰੇ ਵੇਖਦਿਆਂ ਸਾਨੂੰ ਪਤਾ ਲਗਦਾ ਹੈ ਕਿ ਉਹ ਸਾਨੂੰ ਖ਼ੁਦਾ ਦੇ ਪਿਆਰ, ਫ਼ਜ਼ਲ ਅਤੇ ਕਿਰਪਾ ਨਾਲੋਂ ਵੀ ਵੱਧ ਵਿਖਾਉਂਦਾ ਹੈ। ਉਹ ਖ਼ੁਦਾ ਦੀ ਬੁੱਧ ਵੀ ਹੈ ਜੋ ਸਾਡੇ 'ਤੇ ਜ਼ਾਹਿਰ ਕੀਤੀ ਗਈ ਹੈ।

ਕੁਰਿੰਥੀਆਂ ਦੇ ਨਾਂਅ ਖ਼ਤ ਲਿਖਦਿਆਂ ਪੌਲੁਸ ਨੇ ਉਨ੍ਹਾਂ ਨੂੰ ਯਾਦ ਦੁਆਇਆ ਕਿ ਬਹੁਤ ਸਾਰੇ ਲੋਕਾਂ 'ਤੇ ਖ਼ੁਦਾ ਦੀ ਬੁੱਧ ਪਰਗਟ ਨਹੀਂ ਹੋਈ, ਕਿਉਂਕਿ ਉਹ ਇਹਦੀ ਭਾਲ ਸਹੀ ਥਾਂ ਨਹੀਂ ਕਰ ਰਹੇ। ਯਹੂਦੀ ਲੋਕ ਨਿਸ਼ਾਨਾਂ ਨਾਲ ਬੇਵਕੂਫ਼ ਬਣ ਗਏ ਸਨ। ਉਹ ਮੋਅਜਜ਼ੇ ਵੇਖਣਾ ਚਾਹੁੰਦੇ ਸਨ (ਮੱਤੀ 12:38, 39)। ਯੂਨਾਨੀ ਲੋਕ ਬੁੱਧ ਦੀ ਭਾਲ ਵਿਚ ਤਾਂ ਸਨ, ਪਰ ਖਾਸ ਤੌਰ 'ਤੇ ਉਹ ਫ਼ਲਸਫ਼ੇ ਦੇ ਰਾਹੀਂ ਉਸਨੂੰ, ਜਿਸ ਨੂੰ ਪੌਲੁਸ ਨੇ ਇਸ ਸੰਸਾਰ ਦੀ ''ਬੁੱਧ'' ਕਿਹਾ, ਪਾਉਣਾ ਚਾਹੁੰਦੇ ਸਨ। ਫਿਰ ਇਸ ਪਿਛੋਕੜ ਦੇ ਉਲਟ ਉਸਨੇ ਕਿਹਾ ਸੀ, ''ਪਰ ਅਸੀਂ ਸਲੀਬ ਦਿੱਤੇ ਹੋਏ ਮਸੀਹ ਦਾ ਪ੍ਰਚਾਰ ਕਰਦੇ ਹਾਂ, ਉਹ ... ਪਰਮੇਸ਼ੁਰ ਦੀ ਸ਼ਕਤੀ ਅਤੇ ਪਰਮੇਸ਼ੁਰ ਦਾ ਗਿਆਨ ਹੈ'' (1 ਕੁਰਿੰਥੀਆਂ 1:23, 24)। ਇਸ ਕਰਕੇ ਸਾਡੇ ਲਈ ਮੁਕਤੀ ਦੀ ਖ਼ੁਦਾ ਦੀ ਯੋਜਨਾ ਦੇ ਰਾਹੀਂ ਮਸੀਹ ''ਪਰਮੇਸ਼ੁਰ ਵੱਲੋਂ ਸਾਡੇ ਲਈ ਗਿਆਨ ਅਤੇ ਧਰਮ ਅਤੇ ਪਵਿੱਤਰਤਾਈ ਅਤੇ ਨਿਸਤਾਰਾ ...'' (1 ਕੁਰਿੰਥੀਆਂ 1:30ਅ) ਬਣਿਆ। ਇਸ ਕਰਕੇ ਛੁਟਕਾਰੇ ਦੇ ਆਪਣੇ ਕੰਮ ਵਿਚ ਪੁੱਤਰ ਪਿਤਾ ਦੀ ਬੁੱਧ ਨੂੰ ਵਿਖਾਉਂਦਾ ਹੈ।

## ਜਿਵੇਂ ਕੁਦਰਤ ਵਿਚ ਵਿਖਾਇਆ ਗਿਆ ਹੈ

ਖ਼ੁਦਾ ਨੇ ਨਾ ਤਾਂ ਕਦੇ ਮੂਰਖਤਾ ਵਾਲਾ ਕੰਮ ਕੀਤਾ ਅਤੇ ਨਾ ਹੀ ਮੂਰਖਤਾ ਵਾਲੀ ਗੱਲ, ਕਿਉਂਕਿ ਉਹ ਸਰਬ ਗਿਆਨੀ ਹੈ ਅਤੇ ਸਭ ਕੁਝ ਜਾਣਦਾ ਹੈ। ਸਾਰੀ ਸ਼ਕਤੀ ਦਾ ਮਾਲਕ ਹੋਣ ਦੇ ਆਪਣੇ ਸੁਭਾਅ ਵਾਂਗ ਸਭ ਤੋਂ ਸੂਝਵਾਨ ਹੋਣਾ ਵੀ ਉਹਦਾ ਸੁਭਾਅ ਹੈ। ਇਸ ਕਰਕੇ ਯਿਸੂ ਭਾਵ ਉਹਦੇ ਪੁੱਤਰ ਵਿਚ ਪਰਮੇਸ਼ੁਰ ਦੀ ਬੁੱਧ ਨੂੰ ਵੇਖ ਕੇ ਸਾਨੂੰ ਹੈਰਾਨ ਨਹੀਂ ਹੋਣਾ ਚਾਹੀਦਾ। ਉਹ ਖ਼ੁਦਾ ਦੀ ਬੁੱਧ ਦਾ ਪਰਗਟ ਰੂਪ (ਮੁਕਾਸ਼ਫ਼ਾ) ਹੈ ਜੋ ਅਨਾਦੀਕਾਲ ਵਿਚ ਸੰਸਾਰ ਦੇ ਰਚੇ ਜਾਣ ਤੋਂ ਪਹਿਲਾਂ ਉਹਦੇ ਨਾਲ ਸੀ ਅਤੇ ਹੁਣ ਇਤਿਹਾਸ ਵਿਚ ਉਸਨੂੰ ਪਰਗਟ ਕੀਤਾ ਗਿਆ ਸੀ।

ਜਦ ਕਿ ਅਸੀਂ ਯਿਸੂ ਵਿਚ ਖ਼ੁਦਾ ਦੀ ਬੁੱਧ ਨੂੰ ''ਬਹੁਤ ਨੇੜਿਓਂ'' ਵੇਖ ਲਿਆ ਹੈ ਤਾਂ ਆਓ ਸੰਸਾਰ ਦੀ ਰਚਨਾ ਦੇ ਉਸ ਯਾਦਗਾਰੀ ਸਮੇਂ 'ਚ ''ਪਿੱਛੇ ਮੁੜ ਕੇ'' ਵੇਖੀਏ, ਬੁੱਧ ਉੱਥੇ ਵੀ ਹੈ। ਭਲਾ ਇਸ ਨਾਲ ਅਸੀਂ ਹੈਰਾਨ ਹੁੰਦੇ ਹੈ? ਯਕੀਨਨ ਹੀ ਨਹੀਂ। ਖ਼ੁਦਾ ਦੇ ਸੁਭਾਅ ਦੇ ਨਜ਼ਰੀਏ ਤੋਂ (ਕਿ ਉਹ ਸਭ ਤੋਂ ਸੂਝਵਾਨ ਹੈ) ਅਤੇ ਯਿਸੂ ਵਿਚ ਖ਼ੁਦਾ ਦੀ ਬੁੱਧ ਦੇ ਰੂਪ ਵਿਚ ਬਾਅਦ ਦੇ ਮੁਕਾਸ਼ਫ਼ੇ ਦੀ ਰੌਸ਼ਨੀ 'ਚ (ਨਵਾਂ ਨੇਮ) ਯਕੀਨਨ ਹੀ ਸੰਸਾਰ ਦੇ ਰਚੇ ਜਾਣ ਤੋਂ ਪਹਿਲਾਂ ਵੀ ਬੁੱਧ ਦੇ ਨਾ ਹੋਣ ਤੇ ਅਸੀਂ ਹੈਰਾਨ ਹੋਣਾ ਸੀ।

ਨਵੇਂ ਨੇਮ ਦੀਆਂ ਸਿੱਖਿਆਵਾਂ ਯਿਸੂ ਨੂੰ ਖ਼ੁਦਾ ਦੀ ਬੁੱਧ ਨਾਲ ਜੋੜਦੀਆਂ ਹਨ। ਉਸ ਵਿਚ ਪਾਈਆਂ ਜਾਣ ਵਾਲੀਆਂ ਸੱਚਾਈਆਂ ਤੋਂ ਪਤਾ ਲਗਦਾ ਹੈ ਕਿ ਖ਼ੁਦਾ ਦੀ ਬੁੱਧ ਅਨਾਦੀ ਹੈ ਅਤੇ ਸੰਸਾਰ ਦੇ ਰਚੇ ਜਾਣ ਵਿਚ ਉਹ ਕੰਮ ਕਰ ਰਹੀ ਸੀ। ਸਾਫ਼ ਹੈ ਕਿ ਨਵੇਂ ਨੇਮ ਦੇ ਲੇਖਕਾਂ ਦੇ ਨਜ਼ਰੀਏ 'ਚ ਪਰਮੇਸ਼ੁਰ ਪੁੱਤਰ ਹੀ ਖ਼ੁਦਾ ਦੀ ਸਨਾਤਨ ਬੁੱਧ ਹੈ ਜਿਸ ਨੂੰ ਅਸੀਂ ਸੰਸਾਰ ਦੀ ਰਚਨਾ 'ਚ ਲੱਗੇ ਵੇਖਦੇ ਹਾਂ। ਉਨ੍ਹਾਂ ਲੋਕਾਂ ਦੀਆਂ ਅੱਖਾਂ ਨਾਲ ਵੇਖਣਾ ਜਿਨ੍ਹਾਂ ਨੂੰ ਪਵਿੱਤਰ ਆਤਮਾ ਦੀ ਐਨੀ ਗੂੜ੍ਹੀ ਸਮਝ ਦਿੱਤੀ ਗਈ, ਸਾਡੀ ਕਿੰਨੀ ਖੁਸ਼ਕਿਸਮਤੀ ਹੈ। ਉਨ੍ਹਾਂ ਰਾਹੀਂ ਅਸੀਂ ਅੱਜ ਉਹ ਸੱਚਾਈਆਂ ਵੇਖਦੇ ਹਾਂ ਜਿਨ੍ਹਾਂ ਦੀ ਪੂਰੀ ਸਮਝ ਨਬੀਆਂ ਅਤੇ ਫ਼ਰਿਸ਼ਤਿਆਂ ਨੂੰ ਵੀ ਨਹੀਂ ਸੀ (1 ਪਤਰਸ 1:10-12; 2 ਪਤਰਸ 1:19-21)। ਭਲਾ ਇਹਦਾ ਮਤਲਬ ਇਹ ਹੈ ਕਿ ਖ਼ੁਦਾ ਲਗਾਤਾਰ ਮੁਕਾਸ਼ਫ਼ਾ ਦਿੰਦਾ ਰਿਹਾ? ਹਾਂ, ਇਹਦਾ ਮਤਲਬ ਇਹੀ ਹੈ, ਜੇ ਬਾਈਬਲ ਦੀ ਭਾਸ਼ਾ ਦਾ ਕੁਝ ਮਤਲਬ ਹੈ, ਤਾਂ ਪੁਰਾਣੇ ਨੇਮ ਦੀ ਬਜਾਏ ਨਵੇਂ ਨੇਮ ਵਿਚ ਖ਼ੁਦਾ ਬਹੁਤਾ ਸਾਫ਼ ਨਜ਼ਰ ਆਉਂਦਾ ਹੈ। ਖ਼ੁਦਾ ਦਾ ਲਗਾਤਾਰ ਮੁਕਾਸ਼ਫ਼ਾ ਅਤੇ ਸਾਡੇ ਲਈ ਉਹਦੀ ਇੱਛਾ ਬਾਈਬਲ ਵਿਚ ਜ਼ਾਹਿਰ ਕਰ ਦਿੱਤੀ ਗਈ ਹੈ ਅਤੇ ਉੱਥੇ ਹੀ ਮਿਲਦੀ ਹੈ। ਬਾਈਬਲ ਦੇ ਦੋਹਾਂ ਨੇਮਾਂ 'ਚ ਇਹਦੀ ਤਸਦੀਕ ਹੋ ਚੁਕੀ ਹੈ (ਵਿਵਸਥਾਸਾਰ 4:2; 12:32; ਕਹਾਉਤਾਂ 30:5, 6; ਪ੍ਰਕਾਸ਼ ਦੀ ਪੋਥੀ 22:18, 19)। ਆਪਣੇ ਮੁਕਾਸ਼ਫ਼ੇ ਅਤੇ ਵਚਨ ਨਾਲ ਖ਼ੁਦਾ ਦੇ ਲਗਾਅ ਦੀਆਂ ਉਦਾਹਰਣਾਂ ਬਾਰ-ਬਾਰ ਮਿਲਦੀਆਂ ਹਨ।

ਖ਼ੁਦਾ ਦੀ ਪ੍ਰੇਰਣਾ ਪਾਏ ਨਵੇਂ ਨੇਮ ਦੇ ਲੇਖਕਾਂ ਦਿਆਂ ਲੇਖਾਂ ਤੋਂ ਅਸੀਂ ਉਸ ਨਾਲੋਂ ਜ਼ਿਆਦਾ ਵੇਖ ਸਕਦੇ ਹਾਂ ਜੋ ਕਹਾਉਤਾਂ 8:22-31 ਵਿਚ ਲੇਖਕ ਨੂੰ ਨਜ਼ਰ ਆਇਆ ਸੀ। ਉਹਨੇ ਬੁੱਧ ਨੂੰ ਸੰਸਾਰ ਦੀ ਰਚਨਾ 'ਚ ਵਡਿਆਈ ਅਤੇ ਆਨੰਦ ਤੋਂ ਮਿਲਣ ਵਾਲੇ ਖ਼ੁਦਾ ਦੀ ਖ਼ਾਸ ਖੂਬੀ ਦੇ ਤੌਰ 'ਤੇ ਵੇਖਿਆ ਸੀ। ਅਸੀਂ ਵੀ ਉਹਨੂੰ ਕਹਾਉਤਾਂ ਦੀਆਂ ਇਨ੍ਹਾਂ ਆਇਤਾਂ 'ਚ ਵੇਖ ਸਕਦੇ ਹਾਂ। ਬਾਅਦ ਵਿਚ ਨਵੇਂ ਨੇਮ ਦੇ ਮੁਕਾਸ਼ਫ਼ੇ ਦੇ ਫ਼ਾਇਦੇ ਨਾਲ, ਅਸੀਂ ਉਸ ਬੁੱਧ ਨੂੰ ਨਾ ਸਿਰਫ਼ ਕਿਸੇ ਕਵੀ ਦੇ ਸ਼ਬਦਾਂ ਵਿਚ ਢਲੇ ਹਾਂ (ਬੁੱਧ) ਦੀ ਧਾਰਣਾ, ਸਗੋਂ ਖ਼ੁਦਾ ਦੇ ਸੁਭਾਅ ਨਾਲ (ਸਾਰ) ਵੇਖ ਸਕਦੇ ਹਾਂ, ਜੋ ਮਨੁੱਖਾਂ ਦੇ ਰੂਪ ਵਿਚ ਪਰਗਟ ਹੋਇਆ। ਦੂਜੇ ਸ਼ਬਦਾਂ ਵਿਚ ਅਸੀਂ ਪਰਮੇਸ਼ੁਰ ਪੁੱਤਰ ਨੂੰ ਸੰਸਾਰ ਦੀ ਰਚਨਾ ਵਿਚ ਖ਼ੁਦਾ ਦੀ ਬੁੱਧ ਵਿਖਾਉਂਦੇ ਵੇਖਦੇ ਹਾਂ। ਇਕ ਲੇਖਕ ਨੇ ਕਿਹਾ ਸੀ:

> ... ਬੁੱਧ ਦੇ ਅਖ਼ਤਿਆਰ ਦੇ ਵਸੀਲੇ ਹੀ ਸੰਸਾਰ ਦੀ ਰਚਨਾ ਦੀ ਲੜੀ ਦੇ ਇਕ ਤੋਂ ਵੱਧ ਮੁੱਲਾਂ ਦਾ ਸੁਝਾਅ ਦਿੰਦੇ ਹਨ। ਬੁੱਧ ਨੂੰ ਥੋੜ੍ਹਾ ਬਹੁਤ ਪ੍ਰਭੂ ਦੇ ਤੌਰ ਤੇ ਜਾਣਿਆ ਜਾਂਦਾ ਹੈ। ਮਾਦਾ ਬੁੱਧ ਦੀ ਪੁਕਾਰ ਪ੍ਰਭੂ ਦੀ ਅਵਾਜ਼ ਹੈ ਭਾਵ ਉਹ ਕੁਦਰਤ ਦਾ ਆਪਣੇ ਆਪ ਵਿਚ ਹੀ ਨਹੀਂ ਬਲਕਿ ਖ਼ੁਦਾ ਦਾ ਵੀ ਮੁਕਾਸ਼ਫ਼ਾ ਹੈ।[3]

ਖ਼ੁਦਾ ਦੀ ਬੁੱਧ ਦੇ ਤੌਰ ਤੇ ਮਸੀਹ ਸ੍ਰਿਸ਼ਟੀ ਅਤੇ ਸੰਸਾਰ ਦੇ ਛੁਟਕਾਰੇ ਵਿਚ ਬੁੱਧ ਦਾ ਇਜ਼ਹਾਰ ਹੈ। ਇਹ ਸਬੰਧ ਬਾਈਬਲ ਵਿਚ ਹਨ ਤਾਂ ਜੋ ਅਸੀਂ ਉਨ੍ਹਾਂ ਤੋਂ ਫ਼ਾਇਦਾ ਲਈਏ। ਸਾਫ਼ ਹੈ ਕਿ ਮਸੀਹੀ ਲੋਕ ਇਹ ਨਿਚੋੜ ਕੱਢ ਸਕਦੇ ਹਨ ਅਤੇ ਪੌਲੁਸ ਨੇ ਵੀ ਇਹੀ ਨਿਚੋੜ ਕੱਢਿਆ ਕਿ ਮਸੀਹ ਖ਼ੁਦਾ ਦੀ ਬੁੱਧ ਹੈ (1 ਕੁਰਿੰਥੀਆਂ 1:24)।

ਟਿੱਪਣੀਆਂ

[1]ਐਵਰੱਟ ਫ਼ਰਗਿਊਸਨ, *ਬੈਕਗ੍ਰਾਊਂਡ ਆਫ਼ ਅਰਲੀ ਕ੍ਰਿਸਚਿਐਨਿਟੀ* (ਗ੍ਰੈਂਡ ਰੈਪਿਡਸ, ਮਿਸ਼ਿਗਨਃ ਵਿਲੀਅਮ ਬੀ. ਈਰਡਮੈਂਸ ਪਬਲਿਸ਼ਿੰਗ ਕੰ., 1987), 245-49. [2]ਕੁਲੁੱਸੀਆਂ 1:20. *ਥਿਓਲੋਜੀਕਲ ਡਿਕਸ਼ਨਰੀ ਆਫ਼ ਦ ਨਿਊ ਟੈਸਟਾਮੈਂਟ* ਸੰਪਾ. ਗਰਹਰਡ ਫ਼੍ਰੈਡਰਿਕ (ਗ੍ਰੈਂਡ ਰੈਪਿਡਸ, ਮਿਸ਼ਿਗਨਃ ਵਿਲੀਅਮ ਬੀ. ਈਰਡਮੈਂਸ ਪਬਲਿਸ਼ਿੰਗ ਕੰ., 1968), 6:302-5 ਵਿਚ ਵੇਖੋ ਗਰਹਰਡ ਡੈਲਿੰਗ, ''*pleroma*,'' [3]ਰੋਲੈਂਡ ਈ. ਮਰਫ਼ੀ, *ਦਿ ਟ੍ਰੀ ਆਫ਼ ਲਾਈਫ਼*, ਦਿ ਐਂਕਰ ਬਾਈਬਲ ਰੈਫ਼ਰੈਂਸ ਲਾਇਬ੍ਰੇਰੀ, ਸਧਾਰਣ ਅੰਕ, ਡੇਵਿਡ ਨੋਇਲ ਫ਼੍ਰੀਡਮੈਨ (ਨਿਊ ਯਾਰਕਃ ਡਬਲਡੇ, 1990), 138, 147.